# ਦਫ਼ਤਰ ਗੁਰਦੁਆਰਾ ਚੋਣ ਕਮਿਸ਼ਨਰ, ਹਰਿਆਣਾ

ਗਰਾਊਂਡ ਫਲੋਰ, ਪਲਾਟ ਨੰ. 9 ਡੀਐਚਐਲ ਸਕੁਏਅਰ, ਸੈਕਟਰ 22, ਪੰਚਕੂਲਾ

ਟੈਲੀ: 0172-4004268 ਈਮੇਲ: gurdwaraelectionhry@gmail.com ਵੈੱਬ: https://gurdwaraelectionshry.in

## ਜਨਤਕ ਨੋਟਿਸ

ਹਰਿਆਣਾ ਰਾਜ ਵਿੱਚ ਰਹਿੰਦੇ ਸਾਰੇ ਸਿੱਖਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਡਰਾਫਟ ਵੋਟਰ ਸੂਚੀ ਮਿਤੀ 18.12.2023 ਨੂੰ ਪ੍ਰਕਾਸ਼ਿਤ ਕੀਤੀ ਗਈ ਹੈ। ਡਰਾਫਟ ਵੋਟਰ ਸੂਚੀ ਦੀ ਇੱਕ ਕਾਪੀ ਸਬੰਧਤ ਡਿਪਟੀ ਕਮਿਸ਼ਨਰਾਂ ਦੀ ਅਧਿਕਾਰਤ ਵੈੱਬਸਾਈਟ 'ਤੇ ਉਪਲਬਧ ਹੈ ਅਤੇ ਇਸ ਦੀ ਇੱਕ ਕਾਪੀ ਡਿਪਟੀ ਕਮਿਸ਼ਨਰ, ਤਹਿਸੀਲਦਾਰ, ਪਟਵਾਰੀ ਦੇ ਦਫ਼ਤਰ ਅਤੇ ਅਜਿਹੇ ਖੇਤਰ ਵਿੱਚ ਸਥਿਤ ਹਰੇਕ ਅਧਿਸੂਚਿਤ ਸਿੱਖ ਗੁਰਦੁਆਰਿਆਂ ਵਿੱਚ ਵੀ ਉਪਲਬਧ ਹੈ।

2. ਕੋਈ ਵੀ ਸਿੱਖ ਜੋ ਲੋੜੀਂਦੀ ਯੋਗਤਾ ਪੂਰੀ ਕਰਦਾ ਹੈ ਅਤੇ ਅਜੇ ਤੱਕ ਆਪਣਾ ਨਾਮ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੋਟਰ ਸੂਚੀ ਵਿੱਚ ਦਰਜ ਨਹੀਂ ਕਰਵਾ ਸਕਿਆ ਹੈ, ਉਹ 18.12.2023 ਤੋਂ 03.01.2024 ਤੱਕ ਰਿਟਰਨਿੰਗ ਅਫ਼ਸਰ ਕੋਲ ਬਿਨੈ-ਪੱਤਰ ਦੇ ਸਕਦਾ ਹੈ ਅਤੇ ਕੋਈ ਵੀ ਵਿਅਕਤੀ ਜੋ ਵੋਟਰ ਸੂਚੀ 'ਤੇ ਇਤਰਾਜ਼ ਦਰਜ ਕਰਨਾ ਚਾਹੁੰਦਾ ਹੈ, ਉਕਤ ਮਿਆਦ ਦੇ ਵਿਚਕਾਰ ਦਾਇਰ ਕਰ ਸਕਦਾ ਹੈ। ਨਾਮ ਦੀ ਰਜਿਸਟ੍ਰੇਸ਼ਨ ਲਈ ਬਿਨੈ-ਪੱਤਰ ਰਿਟਰਨਿੰਗ ਅਫਸਰ, ਤਹਿਸੀਲਦਾਰ, ਪਟਵਾਰੀ ਦੇ ਦਫਤਰ ਵਿੱਚ ਉਪਲਬਧ ਹੈ ਅਤੇ ਇਸਨੂੰ ਇਸ ਦਫਤਰ ਦੀ ਅਧਿਕਾਰਤ ਵੈੱਬਸਾਈਟ https://gurdwaraelectionshry.in ਤੋਂ ਵੀ ਡਾਊਨਲੋਡ ਕੀਤਾ ਜਾ ਸਕਦਾ ਹੈ।

ਜਸਟਿਸ ਐਚ.ਐਸ.ਭੱਲਾ

ਕਮਿਸ਼ਨਰ, ਗੁਰਦੁਆਰਾ ਚੋਣਾਂ, ਹਰਿਆਣਾ